ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਕਰਜ਼ੇ ਤੋਂ ਪਰੇਸ਼ਾਨ ਹੋ? 416-502-3100
12 Beds, 7 Baths For 24 Guests 905-965-4644
FRESH TOMATO $1.79 LB 905-678-0300
ਵਕੀਲ ਦੀ ਲੋੜ? 905-362-0755
Personal Loan Business Loan Home Line of Credit 905-965-4644

ਅਜੀਤ
AJIT WEEKLY
Division of 6178235 canada inc.
Founding Patron & CEO: Late (Dr.) Prof. Darshan Singh
Founding Director: Late Vinny Bains
Patron & CEO: Kanwaljit Kaur Bains
Chief Editor: Kanwar Bains
International Editors: Mandeep Khurmi, Syed Asif Shahkar,Sweden, Jasreen Kaur, India
Representatives: Suman Modgil, Rupinderjit Kaur
Toronto Reps.: Jasbir Singh Boparai
California Reps.: John Pal Singh
New York Reps.: Harbhjan Singh

FINANCIAL ADVISOR
M.B.E. Accounting
ADVISORY BOARD
CHIEF ADV.: DR. RAWAIL SINGH (INDIA)
BALKAR SINGH (GOUSSAIN VILLE, FRANCE)
PRESS PHOTOGRAPHER
SUNDIP BRAR
ADVERTISING
Editorial : (905) 671-4761, (905) 671-4762
(905) 671-4767, (416) 899-2548
Toll Free Phone :1-888-371-AJIT (2548)
Toll Free Fax : 1-888-981-2818
e-mail : Info@ajitweekly.com
www.darshantv.ca
www.ajitweekly.com
www.ajitweeklymatrimonials.com
fb.com/ajitweeklycanada
instagram.com/ajitweekly
twitter.com/ajitweekly1
https://www.youtube.com/@ajitWeeklycanada

MAILING ADDRESS
2-7015 TRANMERE DRIVE
MISSISSAUGA ONT. L5S 1T7 CANADA

PUBLICATION MAIL AGREEMENT
ACCOUNT NUMBER : 4750993, AGGREMENT NO : 40112768

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.All psychic's, soothsayers' and astrologer's ads are only for entertainment purposes. All rights reserved.

ਇੱਕ ਸਾਲ ਪੂਰਾ ਹੋਣ 'ਤੇ Trump ਦੇ ਵਿਵਾਦਿਤ ਬਿਆਨ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦਾ ਇੱਕ ਸਾਲ ਪੂਰਾ ਹੋਣ 'ਤੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਵੇਰਵਾ ਸਾਂਝਾ ਕੀਤਾ। Oval Office 'ਚ ਗੱਲਬਾਤ ਕਰਦਿਆਂ ਉਨ੍ਹਾਂ ਨੇ ਆਪਣੇ ਪਹਿਲੇ ਸਾਲ ਨੂੰ ਸ਼ਾਨਦਾਰ ਦੱਸਿਆ ਅਤੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਨੇ ਜੰਗਾਂ ਨੂੰ ਖ਼ਤਮ ਕਰਨ ਅਤੇ ਅਪਰਾਧੀਆਂ ਨੂੰ ਫ਼ੜਨ ਦੇ ਮਾਮਲੇ 'ਚ ਕਿਸੇ ਵੀ ਹੋਰ ਸਰਕਾਰ ਨਾਲੋਂ ਵੱਧ ਕੰਮ ਕੀਤਾ ਹੈ।

ਸੋਮਾਲੀਆ 'ਤੇ ਤਿੱਖਾ ਹਮਲਾ: ਟਰੰਪ ਨੇ ਸੋਮਾਲੀਆ ਦੀ ਸਖ਼ਤ ਸ਼ਬਦਾਂ 'ਚ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸੋਮਾਲੀਆ ਅਸਲ 'ਚ ਕੋਈ ਦੇਸ਼ ਹੀ ਨਹੀਂ, ਅਤੇ ਜੇਕਰ ਇਹ ਕੋਈ ਦੇਸ਼ ਹੈ ਤਾਂ ਇਹ ਦੁਨੀਆ ਦਾ ਸਭ ਤੋਂ ਖ਼ਰਾਬ ਦੇਸ਼ ਹੈ। ਉਨ੍ਹਾਂ ਮਿਨੇਸੋਟਾ ਰਾਜ 'ਚ ਹੋਏ ਵਿੱਤੀ ਅਪਰਾਧਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉੱਥੋਂ 19 ਬਿਲੀਅਨ ਡਾਲਰ ਗਾਇਬ ਹਨ ਜੋ ਸੋਮਾਲੀਆਈ ਲੋਕਾਂ ਨੇ ਲਏ ਹਨ। ਉਨ੍ਹਾਂ ਇਨ੍ਹਾਂ ਸਮੱਸਿਆਵਾਂ ਲਈ ਜੋਅ ਬਾਇਡਨ ਦੀਆਂ ਖੁੱਲ੍ਹੀਆਂ ਸਰਹੱਦ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ।

ਵੇਨੇਜ਼ੁਏਲਾ ਪ੍ਰਤੀ ਬਦਲਿਆ ਨਜ਼ਰੀਆ: ਇੱਕ ਹੈਰਾਨੀਜਨਕ ਮੋੜ 'ਚ ਟਰੰਪ ਨੇ ਵੇਨੇਜ਼ੁਏਲਾ ਬਾਰੇ ਆਪਣੇ ਬਦਲੇ ਹੋਏ ਰੁਖ਼ ਦਾ ਵੀ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਪਹਿਲਾਂ ਉਹ ਵੇਨੇਜ਼ੁਏਲਾ ਦੇ

ਵਿਰੁੱਧ ਸਨ ਕਿਉਂਕਿ ਉਸ ਨੇ ਆਪਣੀਆਂ ਜੇਲ੍ਹਾਂ ਅਮਰੀਕਾ ਲਈ ਖੋਲ੍ਹ ਦਿੱਤੀਆਂ ਸਨ, ਪਰ ਹੁਣ ਉਹ ਵੇਨੇਜ਼ੁਏਲਾ ਨੂੰ ਪਸੰਦ ਕਰਦੇ ਹਨ ਕਿਉਂਕਿ ਉਹ ਦੇਸ਼ ਹੁਣ ਅਮਰੀਕਾ ਨਾਲ ਮਿਲ ਕੇ ਕੰਮ ਕਰ ਰਿਹਾ ਹੈ।

ਆਰਥਿਕ ਪ੍ਰਾਪਤੀਆਂ ਅਤੇ ਫ਼ਾਇਨੈਂਸ਼ਲ ਜੀਨੀਅਸ: ਆਪਣੀ ਸਰਕਾਰ ਦੀਆਂ ਆਰਥਿਕ ਸਫ਼ਲਤਾਵਾਂ ਬਾਰੇ ਬੋਲਦਿਆਂ ਟਰੰਪ ਨੇ ਕਿਹਾ ਕਿ ਪਿਛਲੇ 12 ਮਹੀਨਿਆਂ 'ਚ ਸਟੌਕ ਮਾਰਕੀਟ ਨੇ 52 ਵਾਰ ਆਲ-ਟਾਈਮ ਹਾਈ ਰਿਕਾਰਡ ਬਣਾਏ ਹਨ। ਟਰੰਪ ਨੇ ਖ਼ੁਦ ਨੂੰ ਇੱਕ ਫ਼ਾਇਨੈਂਸ਼ਲ ਜੀਨੀਅਸ ਕਰਾਰ ਦਿੱਤਾ ਅਤੇ ਆਪਣੀ ਤੁਲਨਾ ਵਾਰਨ ਬਫ਼ੇ ਨਾਲ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਅੰਤਰਰਾਸ਼ਟਰੀ ਕੰਪਨੀਆਂ ਦੂਜੇ ਦੇਸ਼ਾਂ ਨੂੰ ਛੱਡ ਕੇ ਹੁਣ ਅਮਰੀਕਾ 'ਚ ਨਿਰਮਾਣ (Manufacturing) ਕਰ ਰਹੀਆਂ ਹਨ।

ਟੈਰਿਫ਼ ਮਾਮਲੇ 'ਤੇ ਸੁਪਰੀਮ ਕੋਰਟ 'ਤੇ ਨਜ਼ਰ: ਟਰੰਪ ਨੇ ਟੈਰਿਫ਼ਸ (Tariffs) ਦੇ ਮੁੱਦੇ 'ਤੇ ਵੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਉਹ ਨਹੀਂ ਜਾਣਦੇ ਕਿ ਸੁਪਰੀਮ ਕੋਰਟ ਟੈਰਿਫ਼ਾਂ ਬਾਰੇ ਕੀ ਫ਼ੈਸਲਾ ਕਰੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਇਹ ਕੇਸ ਹਾਰ ਜਾਂਦੀ ਹੈ ਤਾਂ ਉਨ੍ਹਾਂ ਨੂੰ ਟੈਰਿਫ਼ਾਂ ਰਾਹੀਂ ਇਕੱਠੇ ਕੀਤੇ ਅਰਬਾਂ ਡਾਲਰ ਵਾਪਿਸ ਕਰਨ ਲਈ ਪੂਰੀ ਕੋਸ਼ਿਸ਼ ਕਰਨੀ ਪਵੇਗੀ। ਆਪਣੇ ਇੱਕ ਸਾਲ ਦੇ ਸਫ਼ਰ ਨੂੰ ਯਾਦਗਾਰੀ ਬਣਾਉਣ ਲਈ ਟਰੰਪ ਨੇ Oval Office 'ਚ ਆਪਣੀਆਂ ਪ੍ਰਾਪਤੀਆਂ ਦੀ ਕਿਤਾਬ (Book of Achievements) ਵੀ ਲੌਂਚ ਕੀਤੀ।

FRESH TOMATO $1.79 LB 905-678-0300

Trump ਦੇ ਪਹਿਲੇ ਸਾਲ 'ਚ 26 ਲੱਖ ਪਰਵਾਸੀ Deport

ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦੇ ਸੱਤਾ 'ਚ ਵਾਪਸੀ ਦੇ 365 ਦਿਨ ਪੂਰੇ ਹੋਣ 'ਤ ਵ੍ਹਾਈਟ ਹਾਊਸ ਨੇ ਇੱਕ ਵਿਸਤ੍ਰਿਤ ਰਿਪੋਰਟ ਜਾਰੀ ਕੀਤੀ ਹੈ। 365 ਦਿਨਾਂ 'ਚ 365 ਜਿੱਤਾਂ ਸਿਰਲੇਖ ਵਾਲੀ ਇਸ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਪ੍ਰਸ਼ਾਸ਼ਨ ਨੇ ਅਮਰੀਕਾ ਦੀਆਂ ਘਰੇਲੂ ਅਤੇ ਵਿਦੇਸ਼ੀ ਨੀਤੀਆਂ ਨੂੰ ਨਵੀਂ ਦਿਸ਼ਾ ਦਿੱਤੀ ਹੈ।

ਵ੍ਹਾਈਟ ਹਾਊਸ ਦੀ ਇਸ ਰਿਪੋਰਟ 'ਚ ਵਿਦੇਸ਼ ਨੀਤੀ ਦਾ ਜ਼ਿਕਰ ਕਰਦਿਆਂ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਪ੍ਰਸ਼ਾਸ਼ਨ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਸ਼ਾਂਤੀ ਸਮਝੌਤਾ ਕਰਵਾਉਣ 'ਚ ਅਹਿਮ ਭੂਮਿਕਾ ਨਿਭਾਈ ਹੈ। ਹਾਲਾਂਕਿ ਭਾਰਤ ਨੇ ਸਾਲ 2025 ਦੀ ਜੰਗ ਨੂੰ ਖ਼ਤਮ ਕਰਨ 'ਚ ਕਿਸੇ ਵੀ ਤੀਜੀ ਧਿਰ (ਅਮਰੀਕਾ) ਦੀ ਭੂਮਿਕਾ ਤੋਂ ਸਾਫ਼ ਇਨਕਾਰ ਕੀਤਾ ਹੈ। ਟਰੰਪ ਪ੍ਰਸ਼ਾਸ਼ਨ ਨੇ ਆਪਣੇ ਪਹਿਲੇ ਸਾਲ ਦੀ ਸਭ ਤੋਂ ਵੱਡੀ ਉਪਲੱਬਧੀ ਸਰਹੱਦੀ ਸੁਰੱਖਿਆ ਨੂੰ ਦੱਸਿਆ ਹੈ।

ਰਿਕਾਰਡ ਦੇਸ਼ ਨਿਕਾਲੇ: ਲਗਭਗ 26 ਲੱਖ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸ਼ 'ਚੋਂ ਕੱਢਿਆ ਗਿਆ ਜਾਂ ਉਹ ਖ਼ੁਦ ਵਾਪਿਸ ਚਲੇ

ਗਏ।

ਸਰਹੱਦੀ ਕੰਧ: ਸਰਹੱਦ 'ਤ ਕੰਧ ਦੀ ਉਸਾਰੀ ਮੁੜ ਸ਼ੁਰੂ ਕੀਤੀ ਗਈ ਅਤੇ ਰਿਮੇਨ ਇਨ ਮੈਕਸੀਕੋ ਨੀਤੀ ਲਾਗੂ ਕੀਤੀ ਗਈ। ਆਰਥਿਕ ਮੋਰਚੇ 'ਤੇ ਪ੍ਰਸ਼ਾਸ਼ਨ ਨੇ ਦਾਅਵਾ ਕੀਤਾ ਕਿ 2025 'ਚ GDP ਵਿਕਾਸ ਦਰ ਉਮੀਦਾਂ ਤੋਂ ਕਿਤੇ ਵੱਧ ਰਹੀ ਅਤੇ ਮਹਿੰਗਾਈ 'ਚ ਭਾਰੀ ਗਿਰਾਵਟ ਆਈ ਹੈ। ਤੇਲ ਅਤੇ ਗੈਸ ਦੀਆਂ ਕੀਮਤਾਂ ਕਈ ਸਾਲਾਂ ਦੇ ਹੇਠਲੇ ਪੱਧਰ 'ਤ ਪਹੁੰਚ ਗਈਆਂ ਹਨ ਅਤੇ ਮਜ਼ਦੂਰਾਂ ਦੀਆਂ ਉਜਰਤਾਂ 'ਚ ਦਹਾਕਿਆਂ ਬਾਅਦ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਟੈਕਸਾਂ 'ਚ ਰਾਹਤ ਅਤੇ ਨਿਵੇਸ਼ ਵਧਾਉਣ ਦੇ ਦਾਅਵੇ ਵੀ ਕੀਤੇ ਗਏ ਹਨ।

ਜਨਤਕ ਸੁਰੱਖਿਆ ਦੇ ਮਾਮਲੇ 'ਚ ਵ੍ਹਾਈਟ ਹਾਊਸ ਨੇ ਕਿਹਾ ਕਿ ਅਮਰੀਕੀ ਇਤਿਹਾਸ 'ਚ ਕਤਲ ਦੀਆਂ ਵਾਰਦਾਤਾਂ 'ਚ ਇੱਕ ਸਾਲ 'ਚ ਸਭ ਤੋਂ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਨਸ਼ਿਆਂ ਦੀ ਓਵਰਡੋਜ਼ ਅਤੇ ਹਿੰਸਕ ਅਪਰਾਧਾਂ ਨੂੰ ਰੋਕਣ ਲਈ ਸ਼ਹਿਰਾਂ 'ਚ ਵਿਸ਼ੇਸ਼ ਫ਼ੈਡਰਲ ਟਾਸਕ ਫ਼ੋਰਸਾਂ ਤਾਇਨਾਤ ਕੀਤੀਆਂ ਗਈਆਂ ਸਨ। ਟਰੰਪ ਪ੍ਰਸ਼ਾਸਨ ਨੇ ਸਰਕਾਰੀ ਵਿਭਾਗਾਂ 'ਚੋਂ ਵਿਭਿੰਨਤਾ ਅਤੇ ਸਮਾਨਤਾ ਦਫ਼ਤਰਾਂ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਫ਼ਾਲਤੂ ਸਰਕਾਰੀ ਖ਼ਰਚਿਆਂ 'ਚ ਵੱਡੀ ਕਟੌਤੀ ਕੀਤੀ ਹੈ। ਵ੍ਹਾਈਟ ਹਾਊਸ ਨੇ ਸਪੱਸ਼ਟ ਕੀਤਾ ਹੈ ਕਿ ਇਹ ਸਿਰਫ਼ ਸ਼ੁਰੂਆਤ ਹੈ ਅਤੇ ਆਉਣ ਵਾਲੇ ਸਮੇਂ 'ਚ ਟਰੰਪ ਦੇ ਦੂਜੇ ਕਾਰਜ ਕਾਲ ਦੇ ਏਜੰਡੇ ਤਹਿਤ ਹੋਰ ਵੀ ਕਈ ਵੱਡੇ ਫ਼ੈਸਲੇ ਲਏ ਜਾਣਗੇ।

ਮੈਕਸੀਕੋ ਨੇ 37 ਨਸ਼ਾ ਤਸਕਰਾਂ ਨੂੰ ਕੀਤਾ ਅਮਰੀਕਾ ਦੇ ਹਵਾਲੇ

ਮੈਕਸੀਕੋ ਸਿਟੀ: ਮੈਕਸੀਕੋ ਨੇ ਨਸ਼ਾ ਤਸਕਰ ਗਿਰੋਹਾਂ ਦੇ 37 ਹੋਰ ਮੈਂਬਰਾਂ ਨੂੰ ਅਮਰੀਕਾ ਦੇ ਹਵਾਲੇ ਕਰ ਦਿੱਤਾ ਹੈ। ਇਹ ਕਾਰਵਾਈ ਅਜਿਹੇ ਸਮੇਂ ਹੋਈ ਹੈ ਜਦੋਂ ਰਾਸ਼ਟਰਪਤੀ ਡੌਨਲਡ ਟਰੰਪ ਦਾ ਪ੍ਰਸ਼ਾਸਨ ਸੀਮਾ ਪਾਰ ਨਸ਼ਿਆਂ ਦੀ ਤਸਕਰੀ ਕਰਨ ਵਾਲੇ ਅਪਰਾਧਕ ਨੈੱਟਵਰਕਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਵੱਖ-ਵੱਖ ਸਰਕਾਰਾਂ 'ਤੇ ਦਬਾਅ ਵਧਾ ਰਿਹਾ ਹੈ।ਮੈਕਸੀਕੋ ਦੇ ਸੁਰੱਖਿਆ ਮੰਤਰੀ ਉਮਰ ਗਾਰਸੀਆ ਹਾਰਫ਼ੂਚ ਨੇ ਸੋਸ਼ਲ ਮੀਡੀਆ ਪਲੈਟਫ਼�ॉਰਮ X 'ਤੇ ਦੱਸਿਆ ਕਿ ਅਮਰੀਕਾ ਭੇਜੇ ਗਏ ਇਹ ਲੋਕ ਸ਼ਾਤਿਰ ਅਪਰਾਧੀ ਸਨ ਅਤੇ ਦੇਸ਼ ਦੀ ਰਾਸ਼ਟਰੀ ਸੁਰੱਖਿਆ ਲਈ ਅਸਲ ਖ਼ਤਰਾ ਬਣੇ ਹੋਏ ਸਨ। ਅਧਿਕਾਰੀਆਂ ਵਲੋਂ ਜਾਰੀ ਕੀਤੇ ਗਏ ਇੱਕ ਵੀਡੀਓ 'ਚ ਦਿਖਾਇਆ ਗਿਆ ਹੈ ਕਿ ਹੱਥਕੜੀਆਂ ਲੱਗੇ ਕੈਦੀਆਂ ਨੂੰ ਭਾਰੀ ਹਥਿਆਰਾਂ ਨਾਲ ਲੈਸ ਨਕਾਬਪੋਸ਼ ਸੁਰੱਖਿਆ ਕਰਮਚਾਰੀਆਂ ਨੇ ਘੇਰਿਆ ਹੋਇਆ ਹੈ, ਅਤੇ ਉਨ੍ਹਾਂ ਨੂੰ ਮੈਕਸੀਕੋ ਸਿਟੀ ਦੇ ਬਾਹਰੀ ਇਲਾਕੇ 'ਚ ਇੱਕ ਫ਼ੌਜੀ ਜਹਾਜ਼ 'ਚ ਚੜ੍ਹਾਇਆ ਜਾ ਰਿਹਾ ਹੈ।

ਸੁਰੱਖਿਆ ਮੰਤਰੀ ਅਨੁਸਾਰ ਮੈਕਸੀਕੋ ਹੁਣ ਤਕ ਕੁੱਲ 92 ਲੋਕਾਂ ਨੂੰ ਅਮਰੀਕਾ ਭੇਜ ਚੁੱਕਾ ਹੈ। ਇੱਕ ਸਾਲ ਤੋਂ ਵੀ ਘੱਟ ਸਮੇਂ 'ਚ ਇਹ ਤੀਜੀ ਵਾਰ ਹੈ ਜਦੋਂ ਮੈਕਸੀਕੋ ਨੇ ਹਿਰਾਸਤ 'ਚ ਲਏ ਗਏ ਤਸਕਰਾਂ ਨੂੰ ਅਮਰੀਕਾ ਦੇ ਹਵਾਲੇ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਮੈਕਸੀਕੋ ਇਹ ਕਦਮ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਵਲੋਂ ਵਧਦੇ ਦਬਾਅ ਅਤੇ ਧਮਕੀਆਂ ਦੇ ਸਾਹਮਣੇ ਚੁੱਕ ਰਿਹਾ ਹੈ। ਹਾਲਾਂਕਿ ਅਮਰੀਕੀ ਵਿਦੇਸ਼ ਮੰਤਰਾਲੇ ਅਤੇ ਨਿਆਂ ਮੰਤਰਾਲੇ ਨੇ ਅਜੇ ਤਕ ਇਸ ਮਾਮਲੇ 'ਤ ਕੋਈ ਅਧਿਕਾਰਿਕ ਟਿੱਪਣੀ ਨਹੀਂ ਕੀਤੀ।

ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਲੀਗਲ ਸੇਵਾਵਾਂ 905-913-2355
ਸਸਤੀਆਂ ਹਵਾਈ ਟਿਕਟਾਂ 905-595-1700
ਦੰਦਾਂ ਦੀ ਦੇਖਭਾਲ 905-450-5600

ਇੰਡੀਅਨ ਵੀਜ਼ਾ OCI & Passport Renewal 514-389-7070
Sher Atta $14.99 20LB 905-678-0300
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਮਰਦਾਨਾ ਕਮਜ਼ੋਰੀ 416-992-5489
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
12 Beds, 7 Baths For 24 Guests 905-965-4644
Personal Loan Business Loan Home Line of Credit 905-965-4644
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710

ਜੋੜਿਆਂ ਨੂੰ ਬਿਨਾਂ ਗਰਭ ਨਿਰੋਧ ਸਬੰਧ ਬਣਾਉਣ ਲਈ ਉਤਸ਼ਾਹਿਤ ਕਰ ਰਿਹੈ ਚੀਨ

ਬੀਜਿੰਗ: ਦੁਨੀਆਂ ਦੀ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਰਿਹਾ ਚੀਨ ਹੁਣ ਇੱਕ ਅਜੀਬ ਸੰਕਟ 'ਚ ਫ਼ਸ ਗਿਆ ਹੈ। ਚੀਨ 'ਚ ਨੌਜਵਾਨਾਂ ਦੀ ਘਟਦੀ ਗਿਣਤੀ ਅਤੇ ਬਜ਼ੁਰਗਾਂ ਦੀ ਵਧਦੀ ਆਬਾਦੀ ਨੇ ਸਰਕਾਰ ਦੀਆਂ ਨੀਂਦਾਂ ਉਡਾ ਦਿੱਤੀਆਂ ਹਨ। ਹੁਣ ਖ਼ਬਰਾਂ ਆ ਰਹੀਆਂ ਹਨ ਕਿ ਸ਼ੀ ਜਿਨਪਿੰਗ ਸਰਕਾਰ ਜੋੜਿਆਂ ਨੂੰ ਬਿਨਾਂ ਕੌਂਡਮਜ਼ ਅਤੇ ਬਰਥ ਕੰਟਰੋਲ ਗੋਲੀਆਂ (ਗਰਭ ਨਿਰੋਧਕ) ਦੇ ਸਬੰਧ ਬਣਾਉਣ ਅਤੇ ਬੱਚੇ ਪੈਦਾ ਕਰਨ ਲਈ ਪ੍ਰੇਰਿਤ ਕਰ ਰਹੀ ਹੈ।

ਕੰਡੋਮ ਅਤੇ ਗਰਭ ਨਿਰੋਧਕ ਗੋਲੀਆਂ ਤੋਂ ਦੂਰੀ ਬਣਾਉਣ ਦੀ ਸਲਾਹ: ਤਾਜ਼ਾ ਰਿਪੋਰਟਾਂ ਮੁਤਾਬਿਕ ਚੀਨ ਦੇ ਕਈ ਹਿੱਸਿਆਂ 'ਚ ਪ੍ਰਸ਼ਾਸਨ ਅਸਿੱਧੇ ਤੌਰ 'ਤੇ ਜੋੜਿਆਂ ਨੂੰ ਗਰਭ ਨਿਰੋਧਕ ਸਾਧਨਾਂ ਦੀ ਵਰਤੋਂ ਘਟਾਉਣ ਲਈ ਕਹਿ ਰਿਹਾ ਹੈ।

ਸਰਕਾਰ ਚਾਹੁੰਦੀ ਹੈ ਕਿ ਦੇਸ਼ 'ਚ ਜਨਮ ਦਰ ਤੇਜ਼ੀ ਨਾਲ ਵਧੇ ਤਾਂ ਜੋ ਭਵਿੱਖ 'ਚ ਕੰਮ ਕਰਨ ਵਾਲੇ ਨੌਜਵਾਨਾਂ ਦੀ ਕਮੀ ਨਾ ਹੋਵੇ। ਸ਼ਾਸ਼ਨ ਨੇ ਇਨ੍ਹਾਂ ਉਤਪਾਦਾਂ ਦੀ ਵਰਤੋਂ ਨੂੰ ਘਟਾਉਣ ਲਈ ਇਸੇ ਮਹੀਨੇ (1 ਜਨਵਰੀ) ਤੋਂ ਕੌਂਡਮਜ਼ ਅਤੇ ਗਰਭ ਨਿਰੋਧਕ ਗੋਲੀਆਂ 'ਤੇ 13 ਫ਼ੀਸਦੀ ਵੈਲਿਊ ਐਡਿਡ ਟੈਕਸ ਲਗਾ ਦਿੱਤਾ ਹੈ। ਸਰਕਾਰ ਦਾ ਮਕਸਦ ਲੋਕਾਂ ਨੂੰ ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਕਰਨਾ ਹੈ।

ਸਾਲ 2025 ਦੇ ਸਰਕਾਰੀ ਅੰਕੜਿਆਂ ਮੁਤਾਬਿਕ ਚੀਨ ਦੀ ਆਬਾਦੀ ਲਗਾਤਾਰ ਚੌਥੇ ਸਾਲ ਘਟੀ ਹੈ ਜੋ ਹੁਣ 1.404 ਬਿਲੀਅਨ ਰਹਿ ਗਈ ਹੈ। ਇਹ ਪਿਛਲੇ ਸਾਲ ਦੇ ਮੁਕਾਬਲੇ 30 ਲੱਖ ਘੱਟ ਹੈ। ਸਭ ਤੋਂ ਹੈਰਾਨੀਜਨਕ ਗੱਲ ਇਹ ਹੈ ਕਿ ਸਾਲ 2025 'ਚ ਨਵੇਂ ਜੰਮੇ ਬੱਚਿਆਂ ਦੀ ਗਿਣਤੀ 'ਚ 17 ਫ਼ੀਸਦੀ ਦੀ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ।

ਬੱਚੇ ਪੈਦਾ ਕਰਨ 'ਤੇ 3, 600 ਯੂਆਨ ਦੀ ਮਦਦ: ਜਿੱਥੇ ਇੱਕ ਪਾਸੇ ਗਰਭ ਨਿਰੋਧਕ ਮਹਿੰਗੇ ਕੀਤੇ ਗਏ ਹਨ, ਉੱਥੇ ਹੀ ਸਰਕਾਰ ਨੇ ਬੱਚੇ ਪੈਦਾ ਕਰਨ ਵਾਲੇ ਪਰਿਵਾਰਾਂ ਲਈ ਨਕਦ ਸਹਾਇਤਾ ਦਾ ਐਲਾਨ ਕੀਤਾ ਹੈ। ਜੁਲਾਈ 'ਚ ਸਰਕਾਰ ਨੇ ਹਰੇਕ ਬੱਚੇ ਲਈ ਪਰਿਵਾਰਾਂ ਨੂੰ 3, 600 ਯੂਆਨ (ਲਗਭਗ 500 ਅਮਰੀਕੀ ਡਾਲਰ) ਦੇਣ ਦਾ ਵਾਅਦਾ ਕੀਤਾ ਹੈ। ਇਸ ਤੋਂ ਇਲਾਵਾ ਕਿੰਡਰਗਾਰਟਨ, ਡੇ-ਕੇਅਰ ਸੈਂਟਰਾਂ ਅਤੇ ਮੈਚਮੇਕਿੰਗ (ਰਿਸ਼ਤੇ ਕਰਵਾਉਣ ਵਾਲੀਆਂ) ਸੇਵਾਵਾਂ ਨੂੰ ਟੈਕਸ ਮੁਕਤ ਰੱਖਿਆ ਗਿਆ ਹੈ।

ਵਨ ਚਾਈਲਡ ਪੌਲਿਸੀ ਪਈ ਮਹਿੰਗੀ: ਚੀਨ 'ਚ ਇੱਕ ਮਹਿਲਾ ਦੀ ਔਸਤਨ ਪ੍ਰਜਨਨ ਦਰ ਘੱਟ ਕੇ 1.0 ਰਹਿ ਗਈ ਹੈ ਜਦੋਂ ਕਿ ਆਬਾਦੀ ਸਥਿਰ ਰੱਖਣ ਲਈ ਇਹ 2.1 ਹੋਣੀ ਚਾਹੀਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਅਜੋਕੇ ਮੁਕਾਬਲੇਬਾਜ਼ੀ ਵਾਲੇ ਸਮਾਜ 'ਚ ਬੱਚੇ ਨੂੰ ਪਾਲਣ ਦਾ ਖ਼ਰਚਾ ਬਹੁਤ ਜ਼ਿਆਦਾ ਹੈ ਅਤੇ ਆਰਥਿਕ ਮੰਦਹਾਲੀ ਕਾਰਨ ਲੋਕ ਪਰਿਵਾਰ ਵਧਾਉਣ ਤੋਂ ਕਤਰਾ ਰਹੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਚੀਨ ਦੀਆਂ ਪੁਰਾਣੀਆਂ ਸਖ਼ਤ ਨੀਤੀਆਂ ਕਾਰਨ ਹੁਣ ਉੱਥੇ ਨੌਜਵਾਨ ਵਿਆਹ ਅਤੇ ਬੱਚਿਆਂ ਤੋਂ ਦੂਰ ਭੱਜ ਰਹੇ ਹਨ।f

ਮਰੀਅਮ ਔਰੰਗਜ਼ੇਬ ਦੀ ਅਚਾਨਕ ਬਦਲ ਗਈ ਲੁੱਕ

ਲਾਹੌਰ: ਪਾਕਿਸਤਾਨੀ ਪੰਜਾਬ ਸਰਕਾਰ ਦੀ ਸੀਨੀਅਰ ਮੰਤਰੀ ਮਰੀਅਮ ਔਰੰਗਜ਼ੇਬ ਇਨ੍ਹਾਂ ਦਿਨੀਂ ਆਪਣੀ ਬਦਲੀ ਹੋਈ ਲੁੱਕ ਕਾਰਨ ਸੋਸ਼ਲ ਮੀਡੀਆ 'ਤੇ ਚਰਚਾ ਦਾ ਕੇਂਦਰ ਬਣੀ ਹੋਈ ਹੈ। ਸਰੋਤਾਂ ਅਨੁਸਾਰ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਦੇ ਪੁੱਤਰ ਦੇ ਵਿਆਹ ਦੀਆਂ ਤਸਵੀਰਾਂ ਵਾਇਰਲ ਹੋਣ ਤ